# ਔਪਰਚੂਨਿਟੀ ਕਲਾਸਾਂ ਅਤੇ ਚੋਣਵੇਂ ਹਾਈ ਸਕੂਲ

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

### ਔਪਰਚੂਨਿਟੀ ਕਲਾਸਾਂ ਕੀ ਹੁੰਦੀਆਂ ਹਨ?

ਔਪਰਚੂਨਿਟੀ ਕਲਾਸਾਂ ਬੌਧਿਕ ਤੌਰ 'ਤੇ ਪ੍ਰਤਿਭਾਸ਼ਾਲੀ ਅਤੇ ਉੱਚ ਸੰਭਾਵੀ ਯੀਅਰ 5 ਅਤੇ ਯੀਅਰ 6 ਦੇ ਵਿਦਿਆਰਥੀਆਂ ਲਈ ਹੁੰਦੀਆਂ ਹਨ। NSW ਵਿੱਚ ਔਪਰਚੂਨਿਟੀ ਕਲਾਸਾਂ ਵਾਲੇ (ਵਰਚੂਅਲ ਔਪਰਚੂਨਿਟੀ ਕਲਾਸਾਂ ਸਮੇਤ) 87 ਸਕੂਲ ਹਨ ਜੋ ਕਿ ਪਬਲਿੱਕ ਸਿੱਖਿਆ ਵਿਭਾਗ ਦੀ ਪ੍ਰਣਾਲੀ ਦਾ ਹਿੱਸਾ ਹਨ।

### ਚੋਣਵੇਂ ਹਾਈ ਸਕੂਲ ਕੀ ਹੁੰਦੇ ਹਨ?

ਚੋਣਵੇਂ ਹਾਈ ਸਕੂਲ ਬੌਧਿਕ ਤੌਰ 'ਤੇ ਪ੍ਰਤਿਭਾਸ਼ਾਲੀ ਅਤੇ ਉੱਚ ਸੰਭਾਵੀ ਯੀਅਰ 7 ਤੋਂ ਯੀਅਰ 12 ਦੇ ਵਿਦਿਆਰਥੀਆਂ ਲਈ ਹੁੰਦੇ ਹਨ। ਇੱਥੇ 17 ਪੂਰੀ ਤਰ੍ਹਾਂ ਦੇ ਚੋਣਵੇਂ ਹਾਈ ਸਕੂਲ, 26 ਅੰਸ਼ਕ ਤੌਰ 'ਤੇ ਚੋਣਵੇਂ ਹਾਈ ਸਕੂਲ, 4 ਖੇਤੀਬਾੜੀ (ਐਗਰੀਕਲਚਰਲ) ਚੋਣਵੇਂ ਹਾਈ ਸਕੂਲ (ਕੁੱਝ ਬੋਰਡਿੰਗ ਸਹੂਲਤਾਂ ਵਾਲੇ) ਅਤੇ ਇੱਕ ਵਾਸਤਵਿਕ (ਵਰਚੂਅਲ) ਚੋਣਵਾਂ ਹਾਈ ਸਕੂਲ ਹੈ।

### ਔਪਰਚੂਨਿਟੀ ਕਲਾਸਾਂ ਅਤੇ ਚੋਣਵੇਂ ਹਾਈ ਸਕੂਲ ਵਿੱਚ ਜਾਣ ਦੇ ਕੀ ਫਾਇਦੇ ਹੁੰਦੇ ਹਨ?

ਖੋਜ ਦਰਸਾਉਂਦੀ ਹੈ ਕਿ ਉੱਚ ਸਮਰੱਥਾ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਕੋਲ ਖਾਸ ਸਿੱਖਣ ਅਤੇ ਤੰਦਰੁਸਤੀ (ਵੈਲਬੀਇੰਗ) ਦੀਆਂ ਲੋੜਾਂ ਹੁੰਦੀਆਂ ਹਨ। ਔਪਰਚੂਨਿਟੀ ਕਲਾਸਾਂ ਅਤੇ ਚੋਣਵੇਂ ਹਾਈ ਸਕੂਲਾਂ ਵਿੱਚ ਸਿੱਖਿਆ ਨੂੰ ਸਮਾਨ ਯੋਗਤਾ ਵਾਲੇ ਬੱਚਿਆਂ ਦੇ ਨਾਲ ਚਣੌਤੀ ਦਾ ਢੁੱਕਵਾਂ ਪੱਧਰ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਬਹੁਤ ਸਾਰੇ ਉੱਚ ਸੰਭਾਵੀ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਦੋਂ ਉਹਨਾਂ ਨੂੰ ਸਾਮਾਨ -ਯੋਗਤਾ ਵਾਲੇ ਸਾਥੀਆਂ ਨਾਲ ਸਮੂੰਹਬੱਧ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਆਪ ਅਤੇ ਸਾਥੀ ਵਿਦਿਆਰਥੀਆਂ ਨਾਲ ਇੱਕਸਾਰ ਸਮਝ ਦੀ ਭਾਵਨਾ ਮਹਿਸੂਸ ਕਰਦੇ ਹਨ।

### ਮੈਨੂੰ ਕਿਵੇਂ ਪਤਾ ਲੱਗ ਸਕਦਾ ਹੈ ਕਿ ਮੇਰੇ ਬੱਚੇ ਵਿੱਚ ਉੱਚ ਸਮਰੱਥਾ ਹੈ ਜਾਂ ਉਹ ਪਰ੍ਤਿਭਾਸ਼ਾਲੀ ਹੈ?

ਜਿਨ੍ਹਾਂ ਬੱਚਿਆਂ ਕੋਲ ਉੱਚ ਸੰਭਾਵੀ ਸਮਰੱਥਾਂ ਹੈ ਉਹ:

- ਤੀਬਰ ਉਤਸੁਕਤਾ ਵਾਲੇ ਹੁੰਦੇ ਹਨ
- ਨਵੇਂ ਵਿਚਾਰ ਜਾਂ ਹੁਨਰ ਬਹੁਤ ਛੇਤੀ ਅਤੇ ਆਸਾਨੀ ਨਾਲ ਸਿੱਖ ਲੈਂਦੇ ਹਨ
- ਇੱਕ ਚੰਗੀ ਯਾਦਾਸ਼ਤ ਪ੍ਰਦਰਸ਼ਿਤ ਕਰਦੇ ਹਨ
- ਗੁੰਝਲਦਾਰ ਸਵਾਲ ਪੁੱਛਦੇ ਹਨ
- ਰਚਨਾਤਮਕ ਹੁੰਦੇ ਹਨ
- ਗੁੰਝਲਦਾਰ ਤਰੀਕਿਆਂ ਨਾਲ ਸੋਚਣ ਦਾ ਆਨੰਦ ਲੈਂਦੇ ਹਨ
- ਨਵੀਂਆਂ ਚੀਜਾਂ ਸਿੱਖਣ ਵੇਲੇ ਉਨ੍ਹਾ ਨੂੰ ਦੁਹਰਾਓ ਦੀ ਲੋੜ ਨਹੀਂ ਹੁੰਦੀ
- ਉਹ ਦਿਲਚਸਪੀ ਜਾਂ ਜਨੂੰਨ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਕੇਂਦ੍ਰਿਤ ਰਹਿੰਦੇ ਹਨ।

ਜੇਕਰ ਤੁਸੀਂ ਵੇਖਦੇ ਹੋ ਕਿ ਤੁਹਾਡਾ ਬੱਚਾ ਇਹਨਾਂ ਵਿੱਚੋਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਪ੍ਰਦਰਸ਼ਨ ਕਰਦਾ ਹੈ ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਅਰਜ਼ੀ ਦੇਣ ਬਾਰੇ ਵਿਚਾਰ ਕਰੋ

## ਵਿਦਿਆਰਥੀ ਦਾਖਲੇ ਲਈ ਕਿਵੇਂ ਯੋਗ ਹੁੰਦੇ ਹਨ?

ਵਿਦਿਆਰਥੀ ਇੱਕ ਮੁੱਫਤ ਪਲੇਸਮੈਂਟ ਪ੍ਰੀਖਿਆ ਵਿੱਚ ਬੈਠਦੇ ਹਨ

ਔਪਰਚੂਨਿਟੀ ਕਲਾਸ ਪਲੇਸਮੈਂਟ ਟੈਸਟ ਦੇ ਤਿੰਨ ਲੜੀਵਾਰ ਭਾਗ ਹਨ:

- ਪੜ੍ਹਾਈ
- ਗਣਿਤਿਕ ਤਰਕ
- ਸੋਚਣ ਦੇ ਹੁਨਰ।

ਚੋਣਵੇਂ ਹਾਈ ਸਕੂਲ ਦੀ ਪਲੇਸਮੈਂਟ ਪ੍ਰੀਖਿਆ ਦੇ  ਚਾਰ ਲੜੀਵਾਰ ਭਾਗ ਹੁੰਦੇ ਹਨ:

- ਪੜ੍ਹਾਈ
- ਗਣਿਤਿਕ ਤਰਕ
- ਸੋਚਣ ਦੇ ਹੁਨਰ।
- ਲਿਖਾਈ

## ਸਮਦਿਰ੍ਸ਼ਟੀ ਨਿਯੁਕਤੀ

ਵਿਭਾਗ ਨੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਤੋਂ ਉੱਚ ਸਮਰੱਥਾ ਵਾਲੇ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਨੁਮਾਇੰਦਗੀ ਨੂੰ ਵਧਾਉਣ ਲਈ ਸਮਦ੍ਰਿਸ਼ਟੀ (Equity) ਪਲੇਸਮੈਂਟ ਮਾਡਲ ਲਾਗੂ ਕੀਤਾ ਹੈ। ਇਸ ਮਾਡਲ ਦੇ ਤਹਿਤ ਸਥਾਨਾਂ ਦੀ ਪ੍ਰਤ੍ਰਿਸ਼ਤਤਾ ਇਹਨਾਂ ਲਈ ਰੱਖੀ ਗਈ ਹੈ:

- ਘੱਟ ਸਮਾਜਿਕ ਵਿਦਿਅਕ ਲਾਭ ਵਾਲੇ ਭਾਈਚਾਰਿਆਂ ਦੇ ਵਿਦਿਆਰਥੀ
- ਆਦਿ ਵਾਸੀ ਵਿਦਿਆਰਥੀ
- ਪੇਂਡੂ ਅਤੇ ਦੂਰ ਦੁਰਾਡੇ ਵਿੱਚਲੇ ਵਿਦਿਆਰਥੀ
- ਅਪਾਹਜਤਾ ਵਾਲੇ ਵਿਦਿਆਰਥੀ

ਸਮਦ੍ਰਿਸ਼ਟੀ ਪਲੇਸਮੈਂਟ ਲਈ ਕੋਈ ਵੀ ਵੱਖਰੀ ਅਰਜ਼ੀ ਨਹੀਂ ਹੁੰਦੀ। ਹਰੇਕ ਸਮਦ੍ਰਿਸ਼ਟੀ ਇਕੁਇਟੀ (equity) ਸਮੂਹ ਦੇ ਵਿਦਿਆਰਥੀ ਦੀ ਪਹਿਚਾਣ ਅਰਜੀ ਫਾਰਮ ਦੇ ਡੇਟਾ ਅਤੇ ਵਿਭਾਗ ਦੁਆਰਾ ਰੱਖੇ ਗਏ ਹੋਰ ਡੇਟਾ ਦੀ ਵਰਤੋਂ ਕਰਕੇ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਇੱਥੇ ਜਾਓ: https://education.nsw.gov.au/schooling/parents-and-carers/choosing-a-school-setting/selective-high-schools/fair-access

## ਕੀ ਵਿਦਿਆਰਥੀਆਂ ਨੂੰ ਪਰ੍ਹੀਖਿਆ ਲਈ ਅਭਿਆਸ ਕਰਨ ਦੀ ਲੋੜ ਹੈ?

ਪਲੇਸਮੈਂਟ ਪ੍ਰੀਖਿਆ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਦੀ ਹੈ ਜਿਨ੍ਹਾਂ ਦੀ ਬੇਮਿਸਾਲ ਆਲੋਚਨਾਤਮਕ ਸੋਚ ਦੀ ਯੋਗਤਾ ਹੇ, ਨਾ ਕਿ ਉਹਨਾਂ ਹੁਨਰਾਂ ਦੀ ਜਿਨ੍ਹਾਂ ਨੂੰ  ਰੋਟ ਲਰਨਿੰਗ ਦੁਆਰਾ ਸਿੱਖਲਾਈ ਦਿੱਤੀ ਜਾ ਸਕਦੀ ਹੈ। ਵਿਦਿਆਰਥੀਆਂ ਨੂੰ ਇਹ ਯਕੀਨੀ ਬਣਾਉਣ ਲਈ ਸਿੱਖਿਆਂ ਵਿਭਾਗ ਦੀ ਵੈਬਸਾਈਟ ‘ਤੇ ਪਲੇਸਮੈਂਟ ਪ੍ਰੀਖਿਆਵਾਂ ਵੇਖਣੀਆ ਚਾਹੀਦੀਆਂ ਹਨ ਕਿ ਉਹ ਪ੍ਰੀਖਿਆ ਦੇ ਫਾਰਮੈਟ ਤੋਂ ਜਾਣੂ ਹਨ। ਮਾਪਿਆਂ ਨੂੰ ਇਸ ਗਲ ਤੋਂ ਸੁਚੇਤ ਹੋਣਾ ਚਾਹੀਦਾ ਹੈ ਕਿ ਇਸ ਗਲ ਦਾ ਕੋਈ ਭਰੋਸੇਯੋਗ ਸਬੂਤ ਨਹੀਂ ਹੈ ਕਿ ਪ੍ਰੀਖਿਆ ਲਈ ਵਿਆਪਕ ਕੋਚਿੰਗ ਨਾਲ ਕੋਈ ਫਰਕ ਪੈਂਦਾ ਹੈ।

ਤੁਸੀਂ ਬੀਤੇ ਸਮੇਂ ਦੀਆਂ ਔਪਰਚੂਨਿਟੀ ਕਲਾਸ ਪਲੇਸਮੈਨਟ ਪ੍ਰੀਖਿਆਵਾਂ ਨੂੰ ਇੱਥੇ ਵੇਖ ਸਕਦੇ ਹੋ: https://education.nsw.gov.au/schooling/parents-and-carers/choosing-a-school-setting/selective-high-schools/placement-test/opportunity-class-practice-tests

ਤੁਸੀ ਬੀਤੇ ਸਮੇਂ ਦੀਆਂ ਚੋਣਵੇ ਹਾਈ ਸਕੂਲ ਦੀਆਂ ਪ੍ਰੀਖਿਆਵਾਂ ਨੂੰ ਇੱਥੇ ਵੇਖ ਸਕਦੇ ਹੋ: https://education.nsw.gov.au/schooling/parents-and-carers/choosing-a-school-setting/selective-high-schools/placement-test/selective-high-school-practice-tests

## ਕੌਣ ਅਰਜ਼ੀ ਦੇ ਸਕਦਾ ਹੈ?

- NSW ਵਿੱਚਲੇ ਸਰਕਾਰੀ ਅਤੇ ਗੈਰ-ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀ ਦਾਖਲੇ ਲਈ ਅਰਜ਼ੀ ਦੇ ਸਕਦੇ ਹਨ।
- ਔਪਰਚੂਨਿਟੀ ਕਲਾਸ ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਨੂੰ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਦੇ ਨਾਗਰਿੱਕ ਜਾਂ ਆਸਟ੍ਰੇਲੀਆ ਦੇ ਸਥਾਈ ਨਿਵਾਸੀ ਹੋਣਾ ਚਾਹੀਦਾ ਹੈ।
- ਅੰਤਰਰਾਜੀ ਅਤੇ ਵਿਦੇਸ਼ੀ ਵਿਦਿਆਰਥੀ ਅਰਜ਼ੀ ਦੇ ਸਕਦੇ ਹਨ ਜੇਕਰ ਉਹਨਾਂ ਦਾ ਪਰਿਵਾਰ ਦਾਖਲੇ ਦੇ ਸਮੇਂ NSW ਵਿੱਚ ਰਹਿ ਰਿਹਾ ਹੋਵੇ ਅਤੇ ਉਹਨਾਂ ਦੀ ਸਕੂਲੀ ਪੜ੍ਹਾਈ ਦੇ ਸਮੇਂ ਲਈ ਉਨ੍ਹਾਂ ਦਾ NSW ਵਿੱਚ ਰਹਿਣ ਦਾ ਇਰਾਦਾ ਹੋਵੇ।
- ਜਿਹੜੇ ਪਰਿਵਾਰ ਪਹਿਲਾਂ ਹੀ ਸਥਾਈ ਨਿਵਾਸ ਲਈ ਅਰਜ਼ੀ ਦੇ ਚੁੱਕੇ ਹਨ ਅਤੇ ਉਹਨਾਂ ਕੋਲ ਗ੍ਰਹਿ ਮਾਮਲਿਆਂ ਦੇ ਵਿਭਾਗ ਤੋਂ ਦਸਤਾਵੇਜ਼ ਹਨ ਜੋ ਉਹਨਾਂ ਨੂੰ ਇਹ ਵਾਜਬ ਉਮੀਦ ਦਿੰਦੇ ਹਨ ਕਿ ਪਲੇਸਮੈਂਟ ਦੇ ਨਤੀਜਿਆਂ ਨੂੰ ਸੂਚਿਤ ਕੀਤੇ ਜਾਣ ਤੋਂ ਪਹਿਲਾਂ ਸਥਾਈ ਨਿਵਾਸ ਪ੍ਰਦਾਨ ਕੀਤਾ ਜਾਵੇਗਾ, ਉਹ ਵੀ ਅਰਜ਼ੀ ਦੇਣ ਦੇ ਯੋਗ ਹਨ।

## ਅਰਜ਼ੀਆਂ ਕਦੋਂ ਖੁਲਦੀਆਂ ਹਨ?

ਔਪਰਚੂਨਿਟੀ ਕਲਾਸਾਂ ਦੀਆਂ ਅਰਜ਼ੀਆਂ ਓਦੋਂ ਖੁਲਦੀਆਂ ਹਨ ਜਦੋਂ ਵਿਦਿਆਰਥੀ ਯੀਅਰ 4 ਵਿੱਚ ਹੁੰਦੇ ਹਨ ਅਤੇ ਚੋਣਵੇਂ ਹਾਈ ਸਕੂਲਾਂ ਲਈ ਜਦੋਂ ਵਿਦਿਆਰਥੀ ਯੀਅਰ 5 ਵਿੱਚ ਹੁੰਦੇ ਹਨ। ਮੁੱਖ ਅਰਜ਼ੀ ਦੀਆਂ ਤਾਰੀਖਾਂ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ 'ਤੇ ਉਪਲਬਧ ਹੈ https://education.nsw.gov.au/schooling/parents-and-carers/choosing-a-school-setting/selective-high-schools/application-process

## ਮੈਂ ਆਪਣੇ ਬੱਚੇ ਦੇ ਦਾਖਲੇ ਲਈ ਅਰਜ਼ੀ ਕਿਵੇਂ ਦੇਵਾਂ?

- ਸਾਰੀਆਂ ਅਰਜ਼ੀਆਂ ਆਨਲਾਈਨ ਇਥੇ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ: https://shsoc.education.nsw.gov.au/
- ਇਹ ਅਰਜ਼ੀ ਅੰਗਰੇਜ਼ੀ ਵਿੱਚ ਭਰਨੀ ਚਾਹੀਦੀ ਹੈ।
- ਮਾਪੇ ਔਪਰਚੂਨਿਟੀ ਕਲਾਸਾਂ ਵਾਲੇ ਦੋ ਸਕੂਲਾਂ ਤੱਕ ਅਤੇ ਤਿੰਨ ਚੋਣਵੇਂ ਹਾਈ ਸਕੂਲਾਂ ਤੱਕ ਨਾਮਜ਼ਦ ਕਰ ਸਕਦੇ ਹਨ। ਉਹਨਾਂ ਨੂੰ ਅਰਜ਼ੀ 'ਤੇ ਆਪਣੇ ਪਸੰਦੀਦਾ ਕ੍ਰਮ ਵਿੱਚ ਆਪਣੀਆਂ ਚੋਣਾਂ ਦੀ ਸੂਚੀ ਬਣਾਉਣੀ ਚਾਹੀਦੀ ਹੈ। ਜਿਥੇ ਵਿਦਿਆਰਥੀ ਇੱਕ ਤੋਂ ਵੱਧ ਸਕੂਲਾਂ ਲਈ ਯੋਗਤਾ ਪੂਰੀ ਕਰਦੇ ਹਨ, ਉਹਨਾਂ ਨੂੰ ਸਕੂਲ ਦੀ ਸਿਰਫ ਪਹਿਲੀ ਪਸੰਦ ਦੀ ਪੇਸ਼ਕਸ਼ ਕੀਤੀ ਜਾਵੇਗੀ।
- ਅਪਾਹਜਤਾ ਵਾਲੇ ਮਾਪੇ ਜਿਹੜੇ ਆਪਣੀ ਅਯੋਗਤਾਂ ਕਾਰਨ ਆਨਲਾਈਨ ਅਰਜ਼ੀ ਨਹੀਂ ਪੂਰੀ ਕਰ ਸਕਦੇ, ਉਹਨਾਂ ਨੂੰ 1300 880 367 'ਤੇ ਸਹਾਇਤਾ ਲਈ ਹਾਈ ਪਰਫੋਮਿੰਗ ਸਟੂਡੈਂਟਸ ਦੀ ਟੀਮ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਬਿਨੈ-ਪੱਤਰ ਜਮ੍ਹਾਂ ਕਰਨ ਜਾਂ ਪਲੇਸਮੈਂਟ ਪ੍ਰੀਖਿਆ ਲਈ ਕੋਈ ਵੀ ਖਰਚਾ ਨਹੀਂ ਹੈ।

## ਔਪਰਚੂਨਿਟੀ ਕਲਾਸਾਂ ਅਤੇ ਚੋਣਵੇਂ ਹਾਈ ਸਕੂਲ ਕਿੱਥੇ ਹਨ?

ਔਪਰਚੂਨਿਟੀ ਕਲਾਸਾਂ ਰਾਜ ਭਰ ਦੇ NSW ਸਰਕਾਰੀ ਸਕੂਲਾਂ ਵਿੱਚ ਸਥਿਤ ਹਨ ਅਤੇ ਇੱਥੇ ਸੂਚੀਬੱਧ ਹਨ: https://education.nsw.gov.au/schooling/parents-and-carers/choosing-a-school-setting/selective-high-schools/choosing-a-school/opportunity-classes#findoc

NSW ਵਿੱਚਲੇ ਚੋਣਵੇਂ ਹਾਈ ਸਕੂਲਾਂ ਦੀ ਸੂਚੀ ਇਥੇ ਹੈ: https://education.nsw.gov.au/schooling/parents-and-carers/choosing-a-school-setting/selective-high-schools/choosing-a-school/selective-high-schools#findshs

## ਵਾਸਤਵਿਕ ਔਪਰਚੂਨਿਟੀ ਕਲਾਸਾਂ ਅਤੇ ਵਾਸਤਵਿਕ ਚੋਣਵੇਂ ਹਾਈ ਸਕੂਲ

ਜੇਕਰ ਤੁਸੀਂ ਕਿਸੇ ਪੇਂਡੂ ਜਾਂ ਦੂਰ ਦੁਰਾਡੇ ਖੇਤਰ ਦੇ ਵਿੱਚ ਸਥਿਤ ਹੋ, ਤਾਂ ਤੁਹਾਡਾ ਬੱਚਾ Aurora College ਵਿੱਚ ਜਗ੍ਹਾ ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦਾ ਹੈ। ਓਸ ਸਰਕਾਰੀ ਸਕੂਲ ਵਿੱਚ ਵਾਸਤਵਿਕ (ਵਰਚੂਅਲ) ਔਪਰਚੂਨਿਟੀ ਕਲਾਸਾਂ ਅਤੇ ਇੱਕ ਵਾਸਤਵਿਕ (ਵਰਚੂਅਲ) ਚੋਣਵਾਂ ਹਾਈ ਸਕੂਲ ਹੈ।

ਵਿਦਿਆਰਥੀ ਆਪਣੇ ਸਥਾਨਕ ਪਬਲਿਕ ਸਕੂਲ ਵਿੱਚ ਪੜ੍ਹਦੇ ਹਨ ਅਤੇ ਆਨਲਾਈਨ ਕਾਨਫਰੰਸਿੰਗ ਪ੍ਰਣਾਲੀ ਦੀ ਵਰਤੋਂ ਕਰਦੇ ਹੋਏ ਔਪਰਚੂਨਿਟੀ ਕਲਾਸਾਂ ਜਾਂ ਚੋਣਵੇਂ ਹਾਈ ਸਕੂਲ ਦੀਆਂ ਕਲਾਸਾਂ ਵਿੱਚ ਸ਼ਾਮਲ ਹੁੰਦੇ ਹਨ।

ਵਿਦਿਆਰਥੀ ਜਿਨ੍ਹਾਂ ਦੇ ਸਕੂਲਾਂ ਵਿੱਚ ਔਪਰਚੂਨਿਟੀ ਕਲਾਸਾਂ ਹਨ, ਜਾਂ ਜਿਹੜੇ ਉਸ ਡਰਾਇੰਗ ਖੇਤਰਾਂ ਵਿੱਚੋਂ ਹਨ ਜਿਨ੍ਹਾਂ ਵਿੱਚ ਔਪਰਚੂਨਿਟੀ ਕਲਾਸਾਂ ਅਤੇ ਚੋਣਵੇਂ ਹਾਈ ਸਕੂਲ ਹਨ ਉਹ Aurora College ਵਿੱਚ ਦਾਖਲੇ ਲਈ ਅਰਜ਼ੀ ਦੇਣ ਦੇ ਯੋਗ ਨਹੀਂ ਹਨ।

## ਮੈਨੂੰ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

- ਉਪਲਬਧ ਅਰਜ਼ੀ ਸੰਬਧਤ ਜਾਣਕਾਰੀ ਇਸ ਵੈਬਸਾਈਟ ਤੋਂ ਪੜ੍ਹੋ https://education.nsw.gov.au/schooling/parents-and-carers/choosing-a-school-setting/selective-high-schools
- ਉੱਚ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦੀ ਟੀਮ ਨਾਲ ਸੰਪਰਕ ਇਸ ਈਮੇਲ ਦੁਆਰਾ ਕਰੋ: ssu@det.nsw.edu.au ਟੈਲੀਫੋਨ: 1300 880 367
- SHS Facebook: https://www.facebook.com/groups/772251106301086/
- OC Facebook: https://www.facebook.com/groups/159342048077050/

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇਕਰ ਤੁਹਾਨੂੰ ਆਪਣੀ ਪੁੱਛ-ਗਿੱਛ ਦੌਰਾਨ ਤੁਹਾਡੀ ਮਦਦ ਕਰਨ ਲਈ ਸਹਾਇਤਾ ਦੀ ਲੋੜ ਹੈ ਤਾਂ ਕਿਰਪਾ ਕਰਕੇ 131 450 ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨਾਲ ਸੰਪਰਕ ਕਰੋ, ਅਤੇ ਅਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਵਿੱਚ ਸਹਾਇਤਾ ਚਾਹੀਦੀ ਹੈ ਅਤੇ ਨਾਲ ਹੀ ਉਸ ਨੂੰ ਕਾਲ ਕਰਨ ਵਾਲਾ ਨੰਬਰ ਵੀ ਦਿਓ। ਅਪਰੇਟਰ ਤੁਹਾਡੇ ਵਲੋਂ ਦਿੱਤੇ ਗਏ ਨੰਬਰ ‘ਤੇ ਕਾਲ ਕਰਕੇ ਤੁਹਾਡੀ ਗਲ ਬਾਤ ਵਿੱਚ ਸਹਾਇਤਾ ਕਰਨ ਲਈ ਇੱਕ ਦੁਭਾਸ਼ੀਏ ਨੂੰ ਲਾਈਨ ‘ਤੇ ਲਿਆਵੇਗਾ/ਲਿਆਵੇਗੀ। ਤੁਹਾਡੇ ਕੋਲੋਂ ਇਸ ਸੇਵਾ ਲਈ ਕੋਈ ਵੀ ਵਸੂਲੀ ਨਹੀਂ ਕੀਤੀ ਜਾਵੇਗੀ।